ਨਿਊਜ਼ ਰਿਲੀਜ਼

# ਅਲਬਰਟਾ ਸ਼ੈਲਟਰ ਸਰਦੀਆਂ ਲਈ ਤਿਆਰ ਹਨ

21 ਨਵੰਬਰ, 2024 ਮੀਡੀਆ ਵੱਲੋਂ ਪੁੱਛ-ਗਿਛ

## ਅਲਬਰਟਾ ਦੀ ਸਰਕਾਰ ਨੇ ਇਹਨਾਂ ਸਰਦੀਆਂ ਵਿੱਚ ਸੂਬੇ ਭਰ ਵਿੱਚ ਬੇਘਰ ਲੋਕਾਂ ਲਈ ਸਹਾਇਤਾ ਦੀਆਂ ਤਿਆਰੀਆਂ ਕੀਤੀਆਂ ਹਨ।

ਜਿਵੇਂ-ਜਿਵੇਂ ਤਾਪਮਾਨ ਠੰਡਾ ਹੁੰਦਾ ਜਾ ਰਿਹਾ ਹੈ, ਸੂਬਾ ਅਲਬਰਟਾ ਭਰ ਦੇ ਭਾਈਚਾਰਿਆਂ ਵਿੱਚ ਸਰਦੀਆਂ ਕੱਟਣ ਲਈ ਅਸਥਾਈ ਥਾਂਵਾਂ ਅਤੇ ਸਾਲ ਭਰ ਖੁੱਲ੍ਹੀਆਂ ਰਹਿਣ ਵਾਲੀਆਂ ਥਾਂਵਾਂ ਨੂੰ ਸ਼ਾਮਲ ਕਰਨ ਦਾ ਸਮਰਥਨ ਕਰ ਰਿਹਾ ਹੈ, ਇਹ ਯਕੀਨੀ ਬਣਾਉਣ ਲਈ ਕਿ ਲੋੜਵੰਦ ਲੋਕਾਂ ਲਈ ਢੁਕਵਾਨ ਸਮਰਥਨ ਅਤੇ ਸੌਣ ਲਈ ਨਿੱਘੀਆਂ ਥਾਵਾਂ ਹੋਣ।

ਅਲਬਰਟਾ ਹੁਣ 2024-25 ਵਿੱਚ ਪੂਰੇ ਸੂਬੇ ਵਿੱਚ ਬੇਘਰ ਲੋਕਾਂ ਲਈ ਪਨਾਹ ਸਥਾਨਾਂ ਦੇ ਸੰਚਾਲਨ ਦਾ ਸਮਰਥਨ ਕਰਨ ਲਈ $116 ਮਿਲੀਅਨ ਤੋਂ ਵੱਧ ਦਾ ਨਿਵੇਸ਼ ਕਰ ਰਿਹਾ ਹੈ, ਜੋ ਕਿ $8 ਮਿਲੀਅਨ ਦਾ ਵਾਧਾ ਹੈ। ਇਸ ਵਾਧੇ ਰਾਹੀਂ ਸਰਦੀਆਂ ਦੇ ਮਹੀਨਿਆਂ ਲਈ ਨੌਂ ਪੇਂਡੂ ਭਾਈਚਾਰਿਆਂ ਵਿੱਚ ਅਸਥਾਈ ਥਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ, ਇਹ ਪੂਰੇ ਸੂਬੇ ਵਿੱਚ ਸਾਰੇ ਆਕਾਰਾਂ ਦੇ ਭਾਈਚਾਰਿਆਂ ਵਿੱਚ ਸਥਾਈ ਥਾਂਵਾਂ ਤੋਂ ਇਲਾਵਾ ਹੈ। ਇਹਨਾਂ ਵਾਧੂ ਥਾਵਾਂ ਦੇ ਨਾਲ, ਅਲਬਰਟਾ ਦੀ ਸਰਕਾਰ ਇਹਨਾਂ ਸਰਦੀਆਂ ਵਿੱਚ ਸੂਬੇ ਭਰ ਵਿੱਚ ਲਗਭਗ 4,800 ਪਨਾਹ ਸਥਾਨਾਂ ਲਈ ਫੰਡ ਦੇ ਰਹੀ ਹੈ।

"ਜਿਵੇਂ-ਜਿਵੇਂ ਤਾਪਮਾਨ ਘਟਦਾ ਹੈ, ਅਸੀਂ ਕਮਜ਼ੋਰ ਅਲਬਰਟਾ-ਵਾਸੀਆਂ ਦੀਆਂ ਲੋੜਾਂ ਬਾਰੇ ਸੋਚ ਰਹੇ ਹਾਂ। ਕਈ ਭਾਈਚਾਰਿਆਂ ਵਿੱਚ ਸਰਦੀਆਂ ਵਿੱਚ ਰਹਿਣ ਲਈ ਅਸਥਾਈ ਥਾਵਾਂ ਸ਼ਾਮਲ ਕਰਨ ਦੇ ਨਾਲ-ਨਾਲ ਸਾਲ ਭਰ ਖੁੱਲ੍ਹੀਆਂ ਰਹਿਣ ਵਾਲੀਆਂ ਥਾਵਾਂ ਵਿੱਚ ਸਾਡੇ ਲਗਾਤਾਰ ਨਿਵੇਸ਼ ਦੇ ਨਾਲ, ਸਾਨੂੰ ਵਿਸ਼ਵਾਸ ਹੈ ਕਿ ਸਾਡੀ ਪਨਾਹ ਪ੍ਰਣਾਲੀ ਸੇਵਾਵਾਂ ਦੀ ਮੰਗ ਵਿੱਚ ਵਾਧੇ ਨੂੰ ਸੰਭਾਲਣ ਲਈ ਤਿਆਰ ਹੈ। ਹਮੇਸ਼ਾ ਦੀ ਤਰ੍ਹਾਂ, ਅਸੀਂ ਭਾਈਚਾਰਿਆਂ ਦੀਆਂ ਲੋੜਾਂ ਦੀ ਨਿਗਰਾਨੀ ਕਰਨਾ ਜਾਰੀ ਰੱਖਾਂਗੇ ਤਾਂ ਜੋ ਅਸੀਂ ਇਹ ਯਕੀਨੀ ਬਣਾ ਸਕੀਏ ਕਿ ਇਸ ਸਰਦੀਆਂ ਦੇ ਮੌਸਮ ਵਿੱਚ ਲੋੜਵੰਦ ਲੋਕਾਂ ਲਈ ਮਦਦ ਮੌਜੂਦ ਹੋਵੇ।"

*ਜੇਸਨ ਨਿਕਸਨ (Jason Nixon), ਬਜ਼ੁਰਗਾਂ, ਭਾਈਚਾਰੇ ਅਤੇ ਸਮਾਜਕ ਸੇਵਾਵਾਂ ਦੇ ਮੰਤਰੀ*

ਅਲਬਰਟਾ ਦੀ ਸਰਕਾਰ ਨੇ ਬੇਘਰ ਔਰਤਾਂ ਲਈ ਪਨਾਹ ਸਥਾਨਾਂ ਦੀ ਗਿਣਤੀ ਵਧਾਉਣ ਲਈ ਫੰਡ ਮੁਹੱਈਆ ਕਰਵਾਏ ਹਨ ਅਤੇ ਸੂਬੇ ਵਿੱਚ, ਖਾਸ ਕਰਕੇ ਐਡਮਿੰਟਨ ਵਿੱਚ, ਮੂਲਵਾਸੀ ਲੋਕਾਂ ਦੀ ਅਗਵਾਈ ਵਾਲੀਆਂ ਥਾਵਾਂ ਦੀ ਗਿਣਤੀ ਵਿੱਚ ਵਾਧਾ ਕੀਤਾ ਹੈ।

ਸੂਬੇ ਨੇ 2024 ਵਿੱਚ ਐਡਮੰਟਨ ਦੇ ਪਨਾਹ-ਸਥਾਨਾਂ ਲਈ ਕੁੱਲ ਫੰਡਿੰਗ ਨੂੰ $42.5 ਮਿਲੀਅਨ ਤੱਕ ਵਧਾ ਦਿੱਤਾ ਹੈ, ਜਿਸ ਨਾਲ 1,800 ਤੱਕ ਪਨਾਹ ਸਥਾਨਾਂ ਦਾ ਸਮਰਥਨ ਕੀਤਾ ਜਾਂਦਾ ਹੈ, ਜੋ ਕਿ ਸ਼ਹਿਰ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਹੈ। ਫਿਰ ਵੀ, ਅਲਬਰਟਾ ਦੀ ਸਰਕਾਰ ਨੇ ਪਨਾਹ-ਸਥਾਨ ਦੇ ਸੰਚਾਲਕਾਂ ਨਾਲ ਕੰਮ ਕੀਤਾ ਹੈ ਤਾਂ ਕਿ ਜੇਕਰ ਵਧੇਰੇ ਥਾਂਵਾਂ ਦੀ ਲੋੜ ਪੈਂਦੀ ਹੈ ਤਾਂ

ਤੇਜ਼ੀ ਨਾਲ ਸਮਰੱਥਾ ਵਧਾਉਣ ਲਈ ਤਿਆਰੀ ਕੀਤੀ ਜਾ ਸਕੇ। ਸੂਬਾ ਕੈਲਗਰੀ ਵਿੱਚ 2,000 ਤੋਂ ਵੱਧ ਸਾਲ ਭਰ ਖੁੱਲ੍ਹੇ ਰਹਿਣ ਵਾਲੇ ਪਨਾਹ-ਸਥਾਨਾਂ ਦੇ ਸੰਚਾਲਨ ਦਾ ਸਮਰਥਨ ਕਰਨ ਲਈ $42 ਮਿਲੀਅਨ ਦਾ ਫੰਡ ਦਿੰਦਾ ਹੈ।

ਸਰਕਾਰ ਇੱਕ ਔਨਲਾਈਨ ਪੇਜ ਵੀ ਲਾਂਚ ਕਰ ਰਹੀ ਹੈ ਜੋ ਐਡਮਿੰਟਨ, ਕੈਲਗਰੀ ਅਤੇ ਬਾਕੀ ਦੇ ਸੂਬੇ ਵਿੱਚ ਪਨਾਹ-ਸਥਾਨਾਂ ਵਿੱਚ ਰੋਜ਼ਾਨਾ ਦੇ ਉਪਯੋਗਤਾ ਅੰਕੜੇ ਦਿਖਾਉਂਦਾ ਹੈ। ਡੇਟਾ ਸਿੱਧੇ ਪਨਾਹ-ਸਥਾਨਾਂ ਦੁਆਰਾ ਮੁਹੱਈਆ ਕੀਤਾ ਜਾਂਦਾ ਹੈ ਅਤੇ ਸਾਡੀ ਪਨਾਹ ਪ੍ਰਣਾਲੀ ਦੀ ਸਮਰੱਥਾ ਦੇ ਸੰਬੰਧ ਵਿੱਚ ਪਾਰਦਰਸ਼ਤਾ ਵਧਾਉਣ ਦੀ ਸਹੂਲਤ ਦਿੰਦਾ ਹੈ।

ਅਲਬਰਟਾ ਦੀ ਸਰਕਾਰ ਚੁਣੌਤੀਆਂ ਨਾਲ ਨਜਿੱਠਣ ਅਤੇ ਸਭ ਤੋਂ ਨਾਜ਼ੁਕ ਲੋੜਾਂ ਵਾਲੇ ਲੋਕਾਂ ਲਈ ਸੇਵਾਵਾਂ ਨੂੰ ਤਰਜੀਹ ਦੇਣ ਲਈ ਸੂਬੇ ਵਿੱਚ ਪਨਾਹ-ਸਥਾਨ ਸੰਚਾਲਕਾਂ ਨਾਲ ਕੰਮ ਕਰਨਾ ਜਾਰੀ ਰੱਖੇਗੀ। ਇਸ ਵਿੱਚ ਐਡਮੰਟਨ ਅਤੇ ਕੈਲਗਰੀ ਦੋਵਾਂ ਵਿੱਚ ਨੈਵੀਗੇਸ਼ਨ ਅਤੇ ਸਹਾਇਤਾ ਕੇਂਦਰਾਂ ਨੂੰ ਚਲਾਉਣਾ ਜਾਰੀ ਰੱਖਣਾ ਸ਼ਾਮਲ ਹੈ। ਉਹ ਕਮਜ਼ੋਰ ਅਲਬਰਟਾ-ਵਾਸੀਆਂ ਦੀ ਸਹਾਇਤਾ ਲਈ ਖੁੱਲ੍ਹੇ ਅਤੇ ਤਿਆਰ ਰਹਿੰਦੇ ਹਨ, ਅਤੇ ਇੱਕੋ ਛੱਤ ਦੇ ਹੇਠਾਂ, ਬਹੁਤ ਸਾਰੀਆਂ ਮਹੱਤਵਪੂਰਨ ਸਹਾਇਤਾ ਅਤੇ ਸੇਵਾਵਾਂ ਤੱਕ ਅਸਾਨ ਪਹੁੰਚ ਮੁਹੱਈਆ ਕਰਦੇ ਹਨ। 20 ਨਵੰਬਰ ਤੱਕ, ਦੋਵਾਂ ਕੇਂਦਰਾਂ ਨੇ ਲਗਭਗ 6,700 ਵਿਅਕਤੀਆਂ ਨੂੰ ਪਨਾਹ ਅਤੇ ਰਿਹਾਇਸ਼ ਸਹਾਇਤਾ, ਵਿੱਤੀ ਲਾਭ, ਮਾਨਸਿਕ ਸਿਹਤ ਅਤੇ ਨਸ਼ਾ, ਪਛਾਣ ਸੇਵਾਵਾਂ ਅਤੇ ਹੋਰ ਸਿਹਤ ਸੇਵਾਵਾਂ ਵਰਗੀਆਂ ਸਹਾਇਤਾਵਾਂ ਤੱਕ ਪਹੁੰਚ ਕਰਨ ਵਿੱਚ ਸਹਾਇਤਾ ਕੀਤੀ ਹੈ।

# ਮੁੱਖ ਤੱਥ

- 2024-25 ਵਿੱਚ, ਬੇਘਰ ਲੋਕਾਂ ਲਈ ਪਨਾਹ-ਸਥਾਨਾਂ ਅਤੇ ਭਾਈਚਾਰਾ-ਅਧਾਰਤ ਸੰਸਥਾਵਾਂ ਲਈ ਸਮੁੱਚਾ ਬਜਟ ਲਗਭਗ $210 ਮਿਲੀਅਨ ਹੈ।
- ਅਲਬਰਟਾ ਦੀ ਸਰਕਾਰ ਲੋਕਾਂ ਨੂੰ ਬੇਘਰ ਹੋਣ ਦੀ ਸਥਿਤੀ ਤੋਂ ਬਾਹਰ ਕੱਢਣ ਅਤੇ ਢੁਕਵੇਂ ਸਮਰਥਨ ਨਾਲ ਸੰਬੰਧਿਤ ਟਿਕਾਊ ਘਰਾਂ ਵਿੱਚ ਲਿਜਾਣ ਲਈ ਬਣਾਏ ਗਏ ਸਥਾਨਕ ਪ੍ਰੋਗਰਾਮਾਂ ਦਾ ਸਮਰਥਨ ਕਰਨ ਲਈ $101 ਮਿਲੀਅਨ ਤੋਂ ਵੱਧ ਵੀ ਮੁਹੱਈਆ ਕਰ ਰਹੀ ਹੈ।

# ਸੰਬੰਧਿਤ ਜਾਣਕਾਰੀ

- ਅਲਬਰਟਾ ਵਿੱਚ ਪਨਾਹ-ਸਥਾਨਾਂ ਦੀ ਵਰਤੋਂ

# ਸੰਬੰਧਿਤ ਖ਼ਬਰਾਂ

- ਕੈਲਗਰੀ ਦੇ ਸਭ ਤੋਂ ਕਮਜ਼ੋਰ ਲੋਕਾਂ ਦੀ ਸਹਾਇਤਾ ਪ੍ਰਾਪਤ ਕਰਨ ਵਿੱਚ ਮਦਦ ਕਰਨਾ (2 ਜੁਲਾਈ, 2024
- ਨੈਵੀਗੇਸ਼ਨ ਅਤੇ ਸਹਾਇਤਾ ਕੇਂਦਰ ਸਥਾਈ ਤੌਰ 'ਤੇ ਖੁੱਲ੍ਹਾ ਰਹੇਗਾ (26 ਮਾਰਚ, 2024)

# ਮੀਡੀਆ ਪੁੱਛ-ਗਿੱਛ

**ਅਲੀਸ਼ਾ ਵਿਸ਼ਲੌਫ (Alysha Wishloff)**

780-643-6210
ਪ੍ਰੈਸ ਸਕੱਤਰ, ਬੁਜ਼ੁਰਗ, ਭਾਈਚਾਰਾ ਅਤੇ ਸੋਸ਼ਲ ਸੇਵਾਵਾਂ